**ਮਿਤੀ 11-05-2022**

# ਪ੍ਰੈਸ ਨੋਟ

## ***ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋਂ ਨਸ਼ਿਆ ਵਿਰੁੱਧ ਵਿੱਢੀ ਗਈ ਮੁਹਿੰਮ ਤਹਿਤ 02 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਹਨਾਂ ਦੇ ਟਰੱਕ ਵਿੱਚੋਂ 10 ਕਿੱਲੋ ਅਫੀਮ ਬ੍ਰਾਮਦ ਕੀਤਾ ਗਿਆ***

ਪੰਜਾਬ ਸਰਕਾਰ ਵੱਲੋਂ ਨਸ਼ਿਆ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ, ਫਿਰੋਜ਼ਪੁਰ ਰੇਂਜ਼, ਫਿਰੋਜ਼ਪੁਰ ਜੀ ਵੱਲੋਂ ਜ਼ਾਰੀ ਦਿਸ਼ਾ-ਨਿਰਦੇਸ਼ਾ ਅਨੁਸਾਰ ਸ਼੍ਰੀ ਚਰਨਜੀਤ ਸਿੰਘ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਦੀ ਅਗਵਾਈ ਹੇਠ ਜਿਲ੍ਹਾ ਫਿਰੋਜ਼ਪੁਰ ਵਿੱਚ ਨਸ਼ਿਆ ਨੂੰ ਠੱਲ ਪਾਉਣ ਲਈ ਜਿਲ੍ਹਾ ਪੁਲਿਸ ਵੱਲੋਂ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਸ਼੍ਰੀ ਗੁਰਬਿੰਦਰ ਸਿੰਘ ਪੀ.ਪੀ.ਐਸ., ਕਪਤਾਨ ਪੁਲਿਸ, ਇੰਨਵੈਸਟੀਗੇਸ਼ਨ, ਫਿਰੋਜ਼ਪੁਰ ਅਤੇ ਸ਼੍ਰੀ ਅਰੁਨ ਮੁੰਡਨ ਪੀ.ਪੀ.ਐਸ., ਉਪ ਕਪਤਾਨ ਪੁਲਿਸ, ਐਨ.ਡੀ.ਪੀ.ਐਸ. ਫਿਰੋਜ਼ਪੁਰ ਦੀ ਨਿਗਰਾਨੀ ਹੇਠ ਟੀਮਾਂ ਬਣਾਈਆ ਗਈਆ ਸਨ। ਜਿੰਨਾਂ ਵਿੱਚੋਂ ਇੰਸਪੈਕਟਰ ਪਰਮਿੰਦਰ ਸਿੰਘ, ਇੰਚਾਰਜ਼ ਨਾਰਕੋਟਿਕ ਕੰਟਰੋਲ ਸੈੱਲ, ਫਿਰੋਜ਼ਪੁਰ ਦੀ ਟੀਮ ਨੂੰ ਉਸ ਸਮੇਂ ਭਾਰੀ ਸਫਲਤਾ ਮਿਲੀ ਜਦੋਂ ਮਿਤੀ 10-05-2022 ਨੂੰ ਇੰਸਪੈਕਟਰ ਪਰਮਿੰਦਰ ਸਿੰਘ ਪਾਸ ਦੌਰਾਨੇ ਗਸ਼ਤ **ਬੀ.ਐਸ.ਐਫ. ਹੈੱਡ-ਕੁਆਰਟਜ਼ ਦੇ ਸਾਹਮਣੇ ਮੁਖਬਰੀ/ਗੁਪਤ ਸੂਚਨਾਂ ਮਿਲੀ ਕਿ** ਕੁਲਦੀਪ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਮੂਸੇ ਕਲਾਂ, ਥਾਣਾ ਝਬਾਲ, ਜਿਲ੍ਹਾ ਤਰਨਤਾਰਨ ਅਤੇ ਨਿਸ਼ਾਨ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਵਕੀਲਾਂ ਵਾਲਾ, ਥਾਣਾ ਸਦਰ ਜ਼ੀਰਾ ਦੀ ਆਪਸ ਵਿੱਚ ਜਾਣ-ਪਹਿਚਾਣ ਹੈ, ਜੋ ਦੋਨੋ ਆਪਸ ਵਿੱਚ ਮਿਲ ਕੇ ਅਫੀਮ ਵੇਚਣ ਦਾ ਧੰਦਾ ਕਰਦੇ ਹਨ। ਕੁਲਦੀਪ ਸਿੰਘ ਪਾਸ ਘੋੜਾ ਟਰਾਲਾ ਨੰਬਰੀ PB-03-BE-8654 ਹੈ, ਜਿਸ ਪਰ ਮੁਖਤਿਆਰ ਸਿੰਘ ਪੁੱਤਰ ਸ਼ਰੀਫ ਸਿੰਘ ਵਾਸੀ ਪਿੰਡ ਸੂਦੀਆ, ਥਾਣਾ ਮੱਖੂ ਡਰਾਇਵਰ ਅਤੇ ਰਾਜਨ ਪੁੱਤਰ ਬਿੱਟੂ ਵਾਸੀ ਜੱਲਾ ਚੌਂਕੀ ਮੱਖੂ, ਥਾਣਾ ਮੱਖੂ ਜਿਲ੍ਹਾ ਫਿਰੋਜ਼ਪੁਰ ਕਲੀਨਰ ਲੱਗਾ ਹੋਇਆ ਹੈ। ਕੁਲਦੀਪ ਸਿੰਘ ਤੇ ਨਿਸ਼ਾਨ ਸਿੰਘ ਉਕਤਾਨ ਮੁਖਤਿਆਰ ਸਿੰਘ ਤੇ ਰਾਜਨ ਰਾਹੀਂ ਬਾਹਰਲੀਆ ਸਟੇਟਾਂ ਤੋਂ ਅਫੀਮ ਮੰਗਵਾ ਕੇ ਵੇਚਦੇ ਹਨ ਅਤੇ ਇਹਨਾਂ ਨੂੰ ਵੀ ਕਮਿਸ਼ਨ ਦਿੰਦੇ ਹਨ। ਮੁਖਤਿਆਰ ਸਿੰਘ ਤੇ ਰਾਜਨ ਜਦੋਂ ਬਾਹਰਲੀ ਸਟੇਟ ਵਿੱਚ ਸਮਾਨ ਲੈ ਕੇ ਜਾਂਦੇ ਹਨ ਤਾਂ ਵਾਪਸੀ ਤੇ ਘੋੜੇ ਟਰਾਲੇ ਵਿੱਚ ਲੁਕਾ-ਛਿਪਾ ਕੇ ਅਫੀਮ ਲਿਆ ਕੇ ਕੁਲਦੀਪ ਸਿੰਘ ਤੇ ਨਿਸ਼ਾਨ ਸਿੰਘ ਹੁਰਾਂ ਦੇ ਹਵਾਲੇ ਕਰਦੇ ਹਨ। ਜੋ ਅੱਜ ਵੀ ਅਫੀਮ ਦੀ ਖੇਪ ਬਾਹਰਲੀ ਸਟੇਟ ਤੋਂ ਲੈ ਕੇ ਆ ਰਹੇ ਹਨ, ਜੇਕਰ ਇਹਨਾਂ ਨੂੰ ਕਾਬੂ ਕੀਤਾ ਜਾਵੇ ਤਾਂ ਭਾਰੀ ਮਾਤਰਾ ਵਿੱਚ ਅਫੀਮ ਬ੍ਰਾਮਦ ਹੋ ਸਕਦੀ ਹੈ। ਜੋ ਇਤਲਾਹ ਸੱਚੀ ਅਤੇ ਠੋਸ ਹੋਣ ਤੇ ਇੰਸਪੈਕਟਰ ਪਰਮਿੰਦਰ ਸਿੰਘ ਵੱਲੋਂ ਦੋਸ਼ੀਆਨ ਉਕਤ ਦੇ ਖਿਲਾਫ ਮੁਕੱਦਮਾ ਨੰਬਰ 58 ਮਿਤੀ 10-05-2022 ਅ/ਧ 18,25,29 ਐਨ.ਡੀ.ਪੀ.ਐਸ. ਐਕਟ ਥਾਣਾ ਕੁੱਲਗੜੀ ਦਰਜ਼ ਰਜਿਸਟਰ ਕਰਵਾਇਆ ਗਿਆ ਅਤੇ ਆਪਣੀ ਟੀਮ ਨਾਲ **ਕਾਰਵਾਈ ਕਰਦਿਆ ਮੋਗਾ-ਫਿਰੋਪਜ਼ੁਰ ਰੋਡ, ਸਰਕਿਟ ਹਾਊਸ ਦੇ ਸਾਹਮਣੇ ਨਾਕਾਬੰਦੀ ਕਰਕੇ** ਟਰੱਕ ਨੰਬਰੀ PB-03-BE-8654 (ਜਿਸ ਦਾ ਡਰਾਇਵਰ ਮੁਖਤਿਆਰ ਸਿੰਘ ਤੇ ਹੈਲਪਰ ਰਾਜਨ ਸੀ) ਨੂੰ ਰੋਕ ਕੇ ਮੁਖਤਿਆਰ ਸਿੰਘ ਤੇ ਰਾਜਨ ਨੂੰ ਕਾਬੂ ਕੀਤਾ ਅਤੇ ਜਾਬਤਾ ਅਨੁਸਾਰ ਸ਼੍ਰੀ ਅਰੁਨ ਮੁੰਡਨ ਪੀ.ਪੀ.ਐਸ., ਉਪ ਕਪਤਾਨ ਪੁਲਿਸ, ਐਨ.ਡੀ.ਪੀ.ਐਸ. ਫਿਰੋਜ਼ਪੁਰ ਦੀ ਹਾਜ਼ਰੀ ਵਿੱਚ ਟਰੱਕ ਦੀ ਤਲਾਸ਼ੀ ਕਰਨ ਤੇ **ਦੋਸ਼ੀਆਨ ਦੁਆਰਾ ਟਰੱਕ ਵਿੱਚ ਲੁਕਾ-ਛਿਪਾ ਕੇ ਰੱਖੀ ਗਈ 10 ਕਿੱਲੋ ਅਫੀਮ ਪਲਾਸਟਿਕ ਦੇ ਲਿਫਾਫਿਆ ਵਿੱਚ ਇੱਕ ਗੱਤੇ ਦੇ ਡੱਬੇ ਵਿੱਚੋਂ ਬ੍ਰਾਮਦ ਹੋਈ**, ਜੋ ਦੋਸ਼ੀਆਨ ਨੇ ਇਹ ਅਫੀਮ ਟਰੱਕ ਵਿੱਚ ਲੋਡ ਮੱਕੀ ਦੀਆ ਬੋਰੀਆ ਹੇਠਾਂ ਲੁਕਾ-ਛੁਪਾ ਕੇ ਰੱਖੀ ਹੋਈ ਸੀ। ਦੋਸ਼ੀਆਨ ਨੇ ਮੁੱਢਲੀ ਪੁੱਛ-ਗਿੱਛ ਦੌਰਾਨ ਦੱਸਿਆ ਕਿ ਉਹ ਗੁਹਾਟੀ, ਅਸਾਮ ਤੋਂ ਇਹ ਅਫੀਮ ਲੈ ਕੇ ਆ ਰਹੇ ਸਨ, ਜੋ ਉਹਨਾਂ ਨੇ ਅੱਗੇ ਕੁਲਦੀਪ ਸਿੰਘ ਤੇ ਨਿਸਾਨ ਸਿੰਘ ਦੇ ਹਵਾਲੇ ਕਰਕੇ ਆਪਣਾ ਬਣਦਾ ਕਮਿਸ਼ਨ ਲੈਣਾ ਸੀ। ਦੋਸ਼ੀਆਨ ਨੂੰ ਅੱਜ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਦੋਸ਼ੀਆਨ ਪਾਸੋਂ ਸਖਤੀ ਨਾਲ ਪੁੱਛ-ਗਿੱਛ ਕੀਤੀ ਜਾਵੇਗੀ; ਜਿਸ ਤੇ ਇਹਨਾਂ ਦੋਸ਼ੀਆਨ ਪਾਸੋਂ ਹੋਰ ਕਈ ਤਰਾਂ ਦੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਮੁਕੱਦਮਾ ਨੰਬਰ 58 ਮਿਤੀ 10-05-2022 ਅ/ਧ 18,25,29 ਐਨ.ਡੀ.ਪੀ.ਐਸ. ਐਕਟ ਥਾਣਾ ਕੁੱਲਗੜੀ

**ਬਨਾਮ :**

1} ਮੁਖਤਿਆਰ ਸਿੰਘ ਪੁੱਤਰ ਸ਼ਰੀਫ ਸਿੰਘ ਵਾਸੀ ਪਿੰਡ ਸੂਦੀਆ, ਥਾਣਾ ਮੱਖੂ(ਉਮਰ ਕਰੀਬ 50 ਸਾਲ){**ਗ੍ਰਿਫ: 10-05-2022**}
2} ਰਾਜਨ ਪੁੱਤਰ ਬਿੱਟੂ ਵਾਸੀ ਜੱਲਾ ਚੌਂਕੀ ਮੱਖੂ, ਥਾਣਾ ਮੱਖੂ, ਜਿਲ੍ਹਾ ਫਿਰੋ:(ਉਮਰ ਕਰੀਬ 25 ਸਾਲ) {**ਗ੍ਰਿਫ: 10-05-2022**}
3} ਕੁਲਦੀਪ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਮੂਸੇ ਕਲਾਂ, ਥਾਣਾ ਝਬਾਲ, ਜਿਲ੍ਹਾ ਤਰਨਤਾਰਨ {**ਗ੍ਰਿਫਤਾਰੀ ਬਾਕੀ**}
4} ਨਿਸ਼ਾਨ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਵਕੀਲਾਂ ਵਾਲਾ, ਥਾਣਾ ਸਦਰ ਜ਼ੀਰਾ {**ਗ੍ਰਿਫਤਾਰੀ ਬਾਕੀ**}

**ਬ੍ਰਾਮਦਗੀ:** 10 ਕਿੱਲੋ ਅਫੀਮ, ਜੋ ਦੋਸ਼ੀਆਨ ਦੇ ਟਰੱਕ ਨੰਬਰੀ PB-03-BE-8654 ਵਿੱਚੋਂ ਬ੍ਰਮਾਦ ਹੋਈ।

**ਬ੍ਰਾਮਦਗੀ ਦੀ ਜਗ੍ਹਾ :** ਮੋਗਾ-ਫਿਰੋਜ਼ਪੁਰ ਰੋਡ, ਸਰਕਿਟ ਹਾਊਸ ਦੇ ਸਹਾਮਣੇ, ਫਿਰੋਜ਼ਪੁਰ।

**ਸਾਬਕਾ ਰਿਕਾਰਡ ਨਿਸ਼ਾਨ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਵਕੀਲਾਂ ਵਾਲਾ, ਥਾਣਾ ਸਦਰ ਜ਼ੀਰਾ :**

1} ਮੁ:ਨੰ: 177 ਮਿਤੀ 07-07-2005 ਅ/ਧ 15-61-85 ਐਨ.ਡੀ.ਪੀ.ਐਸ. ਐਕਟ ਥਾਣਾ ਜ਼ੀਰਾ
2} ਮੁ:ਨੰ: 180 ਮਿਤੀ 29-07-2005 ਅ/ਧ 18-61-85 ਐਨ.ਡੀ.ਪੀ.ਐਸ. ਐਕਟ ਥਾਣਾ ਜ਼ੀਰਾ
3} ਮੁ:ਨੰ: 188 ਮਿਤੀ 21-09-2013 ਅ/ਧ 22-61-85 ਐਨ.ਡੀ.ਪੀ.ਐਸ. ਐਕਟ ਥਾਣਾ ਸਿਟੀ ਕੋਟਕਪੂਰਾ
4} ਮੁ:ਨੰ: 87 ਮਿਤੀ 18-06-2009 ਅ/ਧ 18-61-85 ਐਨ.ਡੀ.ਪੀ.ਐਸ. ਐਕਟ ਥਾਣਾ ਜ਼ੀਰਾ

# <u>ਪ੍ਰੈਸ ਨੋਟ</u>

ਅੱਜ ਸ੍ਰੀ ਚਰਨਜੀਤ ਸਿੰਘ ਸੋਹਲ ਆਈ.ਪੀ.ਐਸ, ਸੀਨੀਅਰ ਕਪਤਾਨ ਪੁਲੀਸ ਫਿਰੋਜਪੁਰ ਨੇ ਪ੍ਰੈਸ ਨੋਟ ਰਾਹੀ ਦੱਸਿਆ ਕਿ ਸ਼੍ਰੀ ਗੁਰਬਿੰਦਰ ਸਿੰਘ ਪੀ.ਪੀ.ਐਸ ਕਪਤਾਨ ਪੁਲੀਸ (ਇੰਨਵੇਸਟੀਗੇਸ਼ਨ ਅਤੇ ਅਪਰੇਸ਼ਨ )ਫਿਰੋਜਪੁਰ ਜ਼ਿਲ੍ਹਾ ਫਿਰੋਜਪੁਰ, ਸ੍ਰੀ ਜਗਦੀਸ਼ ਕੁਮਾਰ,ਪੀ.ਪੀ.ਐਸ ਉਪ ਕਪਤਾਨ ਪੁਲੀਸ (ਇੰਨਵੇਸਟੀਗੇਸ਼ਨ) ਫਿਰੋਜਪੁਰ ਦੀ ਨਿਗਰਾਨੀ ਹੇਠ ਜਿਲਾ ਪੁਲਿਸ ਵੱਲੋਂ ਮਾੜੇ ਅਨਸਰਾ ਅਤੇ ਗੈਂਗਸਟਰਾ ਖਿਲਾਫ ਵਿੱਢੀ ਗਈ ਸਪੈਸ਼ਲ ਮੁਹਿਮ ਤਹਿਤ ਸੀ.ਆਈ ਏ ਸਟਾਫ ਫਿਰੋਜਪੁਰ ਦੇ ਐਸ.ਆਈ ਤਾਰਾ ਸਿੰਘ ਨੇ ਮਿਤੀ 05-05-2022 ਨੂੰ ਜਿਲਾ ਕਰਨਾਲ (ਹਰਿਆਣਾ ਪੁਲਿਸ) ਵੱਲੋਂ ਫੜੇ ਗਏ ਵਿਅਕਤੀਆਂ ਗੁਰਪ੍ਰੀਤ ਸਿੰਘ ਉਰਫ ਗੋਪੀ ਅਤੇ ਅਮਨਦੀਪ ਸਿੰਘ ਦੇ ਸਾਥੀਆਂ ਅਕਾਸ਼ਦੀਪ ਉਰਫ ਅਕਾਸ਼ ਅਤੇ ਜਸ਼ਨਪ੍ਰੀਤ ਸਿੰਘ ਉਰਫ ਜਸ਼ਨ ਇੱਕ ਗੱਡੀ ਸਕੌਰਪੀਉ ਨੰਬਰ ਐਚ.ਆਰ 02 ਏ.ਟੀ 9917 ਵਿੱਚੋਂ ਗ੍ਰਿਫਤਾਰ ਕਰਕੇ ਮੁਕੱਦਮਾ ਨੰਬਰ 58 ਮਿਤੀ 05-05-2022 ਅ/ਧ 10,13,18,20 Unlawful Activities Prevention Act, 4,5 Explosive Act, 25 Arms Act ਥਾਣਾ ਕੈਂਟ ਫਿਰੋਜਪੁਰ ਦਰਜ ਰਜਿਸਟਰ ਕਰਾਇਆ ਅਤੇ ਦੋਸ਼ੀਆਂ ਨੂੰ ਪੇਸ਼ ਅਦਾਲਤ ਕਰਕੇ ਪੰਜ ਦਿਨ ਦਾ ਪੁਲਿਸ ਰਿਮਾਂਡ ਹਾਸਿਲ ਕੀਤਾ।

**ਦੌਰਾਨੇ ਰਿਮਾਂਡ ਮਿਤੀ 08-05-2022 ਨੂੰ ਦੋਸ਼ੀ ਅਕਾਸ਼ਦੀਪ ਉਰਫ ਅਕਾਸ਼ ਪੁੱਤਰ ਵਿਜੇ ਕੁਮਾਰ ਵਾਸੀ ਪਿੰਡ ਪੀਰ ਕੇ ਨੇੜੇ ਕੈਨਾਲ ਕਲੋਨੀ ਫਿਰੋਜਪੁਰ ਨੇ ਦੌਰਾਨੇ ਪੁਛਗਿੱਛ ਦੋ ਪਿਸਟਲ 9 ਐਮ.ਐਮ ਸਮੇਤ 78 ਕਾਰਤੂਸ 9 ਐਮ.ਐਮ ਅਤੇ ਇੱਕ ਲੈਪਟਾਪ ਸਮੇਤ ਬੈਗ ਆਪਣੇ ਸਾਥੀ** ਸੁਖਬੀਰ ਸਿੰਘ ਉਰਫ ਜਸ਼ਨ ਪੁੱਤਰ ਬਲਵਿੰਦਰ ਸਿੰਘ ਬਾਬਾ ਵਾਸੀ ਸੋਢੇ ਵਾਲਾ, **ਜਿਸਦੀ ਗ੍ਰਿਫਤਾਰੀ ਬਾਕੀ ਹੈ ਦੀ ਮੋਟਰ ਖੇਤ ਬਾਹੱਦ ਪਿੰਡ ਦੂਲਾ ਸਿੰਘ ਵਾਲਾ ਤੋਂ ਬ੍ਰਾਮਦ ਕਰਵਾਏ।**

ਇਸਤੋਂ ਇਲਾਵਾ ਇਸ ਟੀਮ ਵੱਲੋਂ ਮੁਕੱਦਮਾ ਨੰਬਰ 122 ਮਿਤੀ 20-11-2021 ਅ/ਧ 3,4 ਐਕਸਪਲੋਜ਼ਿਵ ਐਕਟ ਥਾਣਾ ਸਦਰ ਜੀਰਾ ਨੂੰ ਟਰੇਸ ਕੀਤਾ ਗਿਆ ਹੈ। ਜੋ ਇਹ ਮੁਕੱਦਮਾ ਸਤਪਾਲ ਸਿੰਘ ਬੇਲਦਾਰ ਵਣ ਵਿਭਾਗ ਜੀਰਾ ਵੱਲੋਂ ਮਿਤੀ 20-11-2021 ਨੂੰ ਜਦੋਂ ਉਹ ਨੈਸ਼ਨਲ ਹਾਈਵੇਅ-54 ਤਲਵੰਡੀ ਭਾਈ ਰੋਡ ਜੀਰਾ ਬਾਹੱਦ ਪਿੰਡ ਸੇਖਵਾਂ ਸੜਕ ਦੇ ਕਿਨਾਰੇ ਸਫਾਈ ਕਰ ਰਿਹਾ ਸੀ ਤਾਂ ਉੱਥੋਂ ਇੱਕ ਗ੍ਰਨੇਡ ਪੀ-86 ਬ੍ਰਾਮਦ ਹੋਣ ਤੇ ਦਰਜ ਰਜਿਸਟਰ ਕਰਾਇਆ ਗਿਆ ਸੀ। ਜੋ ਇਹ ਗ੍ਰਨੇਡ ਦੋਸ਼ੀ ਅਕਾਸ਼ਦੀਪ ਉਰਫ ਅਕਾਸ਼ ਨੇ ਆਪਣੇ ਸਾਥੀ ਗੁਰਪ੍ਰੀਤ ਸਿੰਘ ਉਰਫ ਗੋਪੀ ਵਾਸੀ ਵਿੰਝੋ ਕੇ ਨਾਲ ਮਿਲ ਕੇ ਪਾਕਿਸਤਾਨ ਵਿੱਚ ਬੈਠੇ ਅੱਤਵਾਦੀ ਹਰਿੰਦਰ ਸਿੰਘ ਉਰਫ ਰਿੰਦਾ ਦੇ ਕਹਿਣ ਤੇ ਇਸ ਜਗ੍ਹਾ ਪਰ ਰੱਖਿਆ ਸੀ, ਜੋ ਬਾਅਦ ਵਿੱਚ ਕਿਸੇ ਨਾਮਲੂਮ ਵਿਅਕਤੀ ਨੇ ਹਰਿੰਦਰ ਸਿੰਘ ਉਰਫ ਰਿੰਦੇ ਦੇ ਕਹਿਣ ਤੇ ਉਠਾ ਕੇ ਲੈ ਜਾਣਾ ਸੀ, ਪਰ ਉਸਤੋਂ ਪਹਿਲਾਂ ਹੀ ਬ੍ਰਾਮਦ ਹੋ ਗਿਆ ਸੀ। ਦੋਸ਼ੀਆਂ ਨੂੰ ਅੱਜ ਫਿਰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਿਲ ਕਰਦੇ ਹੋਏ ਪੁਛਗਿੱਛ ਕੀਤੀ ਜਾਵੇਗੀ।

**ਬ੍ਰਾਮਦਗੀ-** 1) 02 ਪਿਸਟਲ 9 ਐਮ.ਐਮ ਸਮੇਤ 78 ਜਿੰਦਾ ਰੌਂਦ 9 ਐਮ.ਐਮ
2) ਇੱਕ ਲੈਪਟਾਪ ਮਾਰਕਾ LENOVO ਸਮੇਤ ਬੈਗ